**ਪੰਜਾਬ ਸਰਕਾਰ**
**ਸਿੰਚਾਈ ਵਿਭਾਗ**
**(ਸਿੰਚਾਈ ਪ੍ਰਸੋਨਲ-2 ਸਾਖਾ)**

**ਹੁਕਮ**

ਜਿਵੇਂ ਕਿ, ਸ੍ਰੀ ਰਾਜੇਸ਼ ਕੁਮਾਰ, ਉਪ ਮੰਡਲ ਅਫਸਰ ਨੂੰ ਸਰਕਾਰ ਦੇ ਪੱਤਰ ਨੰ: 8/07/2010 1ਸਿੰਪ੍ਰੋ(2)/412913/1 3, ਮਿਤੀ 12.2.2015 ਰਾਹੀਂ ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਰੂਲਜ, 1970 ਦੇ ਨਿਯਮ-10 ਅਧੀਨ ਹੇਠ ਲਿਖੇ ਦੋਸ਼ਾਂ ਕਰਕੇ, ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ ਸੀ:-

> "ਵਿਭਾਗੀ ਤਰੱਕੀ ਕਮੇਟੀ ਵੱਲੋਂ ਆਪ ਦੀ ਬਤੌਰ ਉਪ ਮੰਡਲ ਅਫਸਰ ਪੱਦ ਕਰਨ ਲਈ ਆਪ ਦੇ ਨਾਮ ਦੀ ਸਿਫਾਰਸ਼ ਕੀਤੀ ਗਈ ਸੀ । ਇਸ ਉਪਰੰਤ ਆਪ ਵੱਲੋਂ ਪੱਦ ਉਨਤੀ ਸਬੰਧੀ ਸਰਕਾਰ ਨੂੰ ਪ੍ਰਤੀ ਬੇਨਤੀ ਦਿੱਤੀ ਗਈ ਜਿਸ ਵਿੱਚ ਲਿਖਿਆ ਗਿਆ ਕਿ ਆਪ ਵਿਰੁੱਧ ਕੋਈ ਚਾਰਜਸ਼ੀਟ ਆਦਿ ਅਤੇ ਹੋਰ ਕੋਈ ਕੇਸ ਨਹੀਂ ਚੱਲ ਰਿਹਾ। ਸਰਕਾਰ ਵੱਲੋਂ ਆਪਦੀ ਪ੍ਰਤੀ ਬੇਨਤੀ ਨੂੰ ਮੰਨਦੇ ਹੋਏਂ ਮਿਤੀ 22.8.2012 ਨੂੰ ਆਪ ਦੀ ਬਤੌਰ ਉਪ ਮੰਡਲ ਅਫਸਰ ਤਰੱਕੀ ਕਰ ਕੀਤੀ ਗਈ ਸੀ। ਜਦਕਿ ਆਪ ਵਿਰੁੱਧ ਐਫ.ਆਈ.ਆਰ. ਨੰ: 134 ਆਫ 2003- ਥਾਣਾ ਪਠਾਨਕੋਟ ਚੱਲ ਰਹੀ ਸੀ ਜਿਸ ਦਾ ਪੁਲਿਸ ਵੱਲੋਂ ਚਲਾਨ ਮਿਤੀ 11.3.2008 ਨੂੰ ਮਾਨਯੋਗ ਕੋਰਟ ਵਿਖੇ ਪੇਸ਼ ਕਰ ਦਿੱਤਾ ਸੀ ਅਤੇ ਸਾਲ 2009 ਨੂੰ ਮਾਨਯੋਗ ਅਦਾਲਤ ਵੱਲੋਂ ਚਾਰਜ ਵੀ ਫਰੇਮ ਕਰ ਦਿੱਤੇ ਗਏ ਸਨ। ਆਪ ਵੱਲੋਂ ਸਰਕਾਰ ਨੂੰ ਗੁੰਮਰਾਹ ਕਰਦੇ ਹੋਏ, ਗਲਤ ਬਿਆਨਬਾਜੀ ਕੀਤੀ ਗਈ।"

2. ਜਿਵੇਂ ਕਿ, ਸ੍ਰੀ ਰਾਜੇਸ ਕੁਮਾਰ, ਉਪ ਮੰਡਲ ਅਫਸਰ ਵੱਲੋਂ ਆਪਣੇ ਵਿਰੁੱਧ ਜਾਰੀ ਕੀਤੇ ਗਏ ਕਾਰਨ ਦੱਸੋ ਨੋਟਿਸ ਦਾ ਜਵਾਬ ਦਿੰਦੇ ਹੋਏ ਦੱਸਿਆ ਸੀ ਕਿ ਜੋ ਕੇਸ ਐਫ.ਆਈ.ਆਰ. ਨੰ: 134 ਆਫ 2003-ਪਠਾਨਕੋਟ ਵਿਖੇ ਥਾਣਾ ਸਦਰ ਵਿੱਚ ਚੱਲ ਰਿਹਾ ਸੀ, ਉਸ ਵਿੱਚ ਮਾਨਯੋਗ ਅਦਾਲਤ ਵੱਲੋਂ ਮਿਤੀ 27.02.2015 ਨੂੰ ਸੁਣਾਏ ਗਏ ਫੈਸਲੇ ਵਿੱਚ ਉਸ ਸਮੇਤ, ਸਾਰੇ ਦੋਸ਼ੀਆਂ ਨੂੰ ਦੋਸ਼-ਮੁਕਤ ਕਰ ਦਿੱਤਾ ਗਿਆ ਹੈ। ਇਸ ਲਈ ਉਸ ਵੱਲੋਂ ਬੇਨਤੀ ਕੀਤੀ ਗਈ ਸੀ ਕਿ ਉਸ ਨੂੰ ਬੇਕਸੂਰ ਮੰਨਦੇ ਹੋਏ, ਉਸ ਵਿਰੁੱਧ ਜਾਰੀ ਕੀਤੇ ਗਏ ਕਾਰਨ ਦੱਸੋ ਨੋਟਿਸ ਨੂੰ ਦਾਖਲ ਦਫਤਰ ਕੀਤਾ ਜਾਵੇ।

3. ਜਿਵੇਂ ਕਿ, ਸ਼੍ਰੀ ਰਾਜੇਸ਼ ਕੁਮਾਰ, ਉਪ ਮੰਡਲ ਅਫਸਰ ਵੱਲੋਂ ਪੇਸ਼ ਕੀਤੇ ਗਏ ਜਵਾਬ ਨੂੰ ਵਿਚਾਰਨ ਉਪਰੰਤ, ਇਸ ਅਧਿਕਾਰੀ ਨੂੰ ਮੁੜ ਸਰਕਾਰ ਦੇ ਪੱਤਰ ਨੰ: 5/24/2015-5ਸਿੰ:ਪ੍ਰੋ:2/515340/1-3 ਮਿਤੀ 23.6.2015 ਰਾਹੀਂ ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਰੂਲਜ, 1970 ਦੇ ਨਿਯਮ-10 ਅਧੀਨ ਕਾਰਨ ਦੱਸੋ ਨੋਟਿਸ, ਹੇਠ ਲਿਖੇ ਦੋਸ਼ਾਂ ਦੇ ਅਧਾਰ ਤੇ ਜਾਰੀ ਕੀਤਾ ਗਿਆ ਸੀ:-

> ਵਿਭਾਗੀ ਤਰੱਕੀ ਕਮੇਟੀ ਵੱਲੋਂ ਆਪ ਦੀ ਬਤੌਰ ਉਪ ਮੰਡਲ ਅਫਸਰ ਪੱਦ ਕਰਨ ਲਈ ਆਪ ਦੇ ਨਾਮ ਦੀ ਸਿਫਾਰਸ਼ ਕੀਤੀ ਗਈ ਸੀ । ਇਸ ਉਪਰੰਤ ਆਪ ਵੱਲੋਂ ਪੱਦ ਉਨਤੀ ਸਬੰਧੀ ਸਰਕਾਰ ਨੂੰ ਪ੍ਰਤੀ ਬੇਨਤੀ ਦਿੱਤੀ ਗਈ ਕਿ ਜਿਸ ਵਿੱਚ ਆਪ ਨੇ ਕੋਈ ਚਾਰਜਸ਼ੀਟ ਆਦਿ ਅਤੇ ਹੋਰ ਕੋਈ ਕੇਸ ਨਹੀਂ ਚੱਲ ਰਿਹਾ, ਬਾਰੇ ਲਿਖਿਆ ਗਿਆ। ਸਰਕਾਰ ਵੱਲੋਂ ਆਪਦੀ ਪ੍ਰਤੀ ਬੇਨਤੀ ਨੂੰ ਮੰਨਦੇ ਹੋਏਂ ਮਿਤੀ 22.8.2012 ਨੂੰ ਆਪ ਦੀ ਬਤੌਰ ਉਪ ਮੰਡਲ ਅਫਸਰ ਤਰੱਕੀ ਕਰ ਕੀਤੀ ਗਈ ਸੀ। ਜਦਕਿ ਆਪ ਵਿਰੁੱਧ ਐਫ.ਆਈ.ਆਰ. ਨੰ: 134 ਆਫ 2003- ਥਾਣਾ ਪਠਾਨਕੋਟ ਚੱਲ ਰਹੀ ਸੀ ਜਿਸ ਦਾ ਪੁਲਿਸ ਵੱਲੋਂ ਚਲਾਨ ਮਿਤੀ 11.3.2008 ਨੂੰ ਮਾਨਯੋਗ ਕੋਰਟ ਵਿਖੇ ਪੇਸ਼ ਕਰ ਦਿੱਤਾ ਸੀ ਅਤੇ ਸਾਲ 2009 ਨੂੰ ਮਾਨਯੋਗ ਅਦਾਲਤ ਵੱਲੋਂ ਚਾਰਜ ਵੀ ਫਰੇਮ ਕਰ ਦਿੱਤੇ ਗਏ ਸਨ। ਭਾਵੇਂ ਇਸ ਕੇਸ ਦੇ ਫੈਸਲੇ ਮਿਤੀ 27.2.2015 ਵਿੱਚ ਮਾਨਯੋਗ ਕੋਰਟ ਵੱਲੋਂ ਸਮੂਹ ਦੋਸ਼ੀਆ ਨੂੰ ਬਰੀ ਕਰ ਦਿੱਤਾ ਹੈ, ਪ੍ਰੰਤੂ ਆਪ ਵੱਲੋਂ ਐਫ.ਆਈ.ਆਰ. 134 ਆਫ 2003- ਪਠਾਨਕੋਟ ਵਿੱਚ ਆਪਣੇ ਨਾਮ ਦੀ ਸ਼ਮੂਲੀਅਤ ਹੋਣ ਸਬੰਧੀ ਤੱਥਾਂ ਨੂੰ ਛੁਪਾਉਂਦੇ ਹੋਏ ਬਤੌਰ ਉਪ ਮੰਡਲ ਅਫਸਰ ਤਰੱਕੀ ਪ੍ਰਾਪਤ ਕੀਤੀ ਗਈ ਜੋ ਕਿ ਆਪ ਦੀ ਮੰਦ

ਭਾਵਨਾਂ, ਘੋਰ ਕੁਤਾਹੀ ਅਤੇ ਦੁਰਾਚਾਰ ਦਾ ਸਬੂਤ ਦੇਣ ਦਾ ਪ੍ਰਤੀਕ ਹੈ। ਅਜਿਹਾ ਕਰਕੇ ਆਪ ਨੇ ਸਰਕਾਰ ਨਾਲ ਵਿਸ਼ਵਾਸਘਾਤ ਕੀਤਾ ਹੈ ਅਤੇ ਉਚ ਅਧਿਕਾਰੀਆਂ ਨੂੰ ਗੁੰਮਰਾਹ ਕੀਤਾ ਹੈ। ਅਜਿਹਾ ਕਰਕੇ ਆਪ ਨੇ ਆਪਣੇ ਆਪ ਨੂੰ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਨਿਯਮ 1970 ਦੇ ਨਿਯਮ 10 ਅਧੀਨ ਦਰਜ ਸਜਾਵਾਂ ਦਾ ਭਾਗੀ ਬਣਾ ਲਿਆ ਹੈ।

4. ਜਿਵੇਂ ਕਿ ਸ਼੍ਰੀ ਰਾਜੇਸ਼ ਕੁਮਾਰ, ਉਪ ਮੰਡਲ ਅਫਸਰ ਵੱਲੋਂ ਇਸ ਕਾਰਨ ਦੱਸੋ ਨੋਟਿਸ ਦਾ ਜਵਾਬ ਨਹੀਂ ਦਿੱਤਾ ਗਿਆ। ਇਸ ਲਈ ਇਸ ਕੇਸ ਤੇ ਕੋਈ ਫੈਸਲਾ ਲੈਣ ਤੋਂ ਪਹਿਲਾਂ ਮਾਨਯੋਗ ਸਕੱਤਰ ਸਿੰਚਾਈ ਜੀ ਵੱਲੋਂ ਇਸ ਅਧਿਕਾਰੀ ਨੂੰ ਆਪਣਾ ਪੱਖ ਰੱਖਣ ਲਈ ਮਿਤੀ 2.3.2016 ਨੂੰ ਨਿੱਜੀ ਸੁਣਵਾਈ ਦਾ ਮੌਕਾ ਦਿੱਤਾ ਗਿਆ ਸੀ।

5. ਜਿਵੇਂ ਕਿ ਸ੍ਰੀ ਰਾਜੇਸ ਕੁਮਾਰ, ਉਪ ਮੰਡਲ ਅਫਸਰ ਵੱਲੋਂ ਨਿੱਜੀ ਸੁਣਵਾਈ ਸਮੇਂ ਮਾਨਯੋਗ ਸਕੱਤਰ ਸਿੰਚਾਈ ਜੀ ਨੂੰ ਆਪਣਾ ਪੱਖ ਲਿਖਤੀ ਰੂਪ ਵਿੱਚ ਪੇਸ਼ ਕਰਦੇ ਹੋਏ ਦੱਸਿਆ ਕਿ ਐਫ.ਆਈ.ਆਰ. ਨੰ: 134 ਆਫ 2003-ਪਠਾਨਕੋਟ ਵਿਖੇ ਥਾਣਾ ਸਦਰ ਵਿੱਚ ਚੱਲ ਰਿਹਾ ਸੀ, ਉਸ ਵਿੱਚ ਮਾਨਯੋਗ ਅਦਾਲਤ ਵੱਲੋਂ ਮਿਤੀ 27.02.2015 ਨੂੰ ਸੁਣਾਏ ਗਏ ਫੈਸਲੇ ਵਿੱਚ ਉਸ ਸਮੇਤ, ਸਾਰੇ ਦੋਸ਼ੀਆਂ ਨੂੰ ਦੋਸ਼-ਮੁਕਤ ਕਰ ਦਿੱਤਾ ਗਿਆ ਹੈ। ਉਸ ਦੁਆਰਾ ਇਹ ਵੀ ਦੱਸਿਆ ਸੀ ਕਿ ਉਸ ਦਾ ਕੋਈ ਵੀ ਤੱਥ ਛੁਪਾਉਂਣ ਦਾ ਕੋਈ ਇਰਾਦਾ ਨਹੀਂ ਸੀ ਅਤੇ ਨਾਂ ਹੀ ਉਸਦੀ ਕੋਈ ਮੰਦ ਭਾਵਨਾਂ ਸੀ ਅਤੇ ਨਾਂ ਹੀ ਹੁਣ ਉਸ ਵੱਲੋਂ ਕੋਈ ਤੱਥ ਛੁਪਾਏ ਗਏ ਹਨ। ਇਸ ਲਈ ਉਸ ਵੱਲੋਂ ਬੇਨਤੀ ਕੀਤੀ ਗਈ ਸੀ ਕਿ ਉਸ ਨੂੰ ਬੇਕਸੂਰ ਮੰਨਦੇ ਹੋਏ, ਉਸ ਵਿਰੁੱਧ ਜਾਰੀ ਕੀਤੇ ਗਏ ਕਾਰਨ ਦੱਸੋ ਨੋਟਿਸ ਨੂੰ ਦਾਖਲ ਦਫਤਰ ਕੀਤਾ ਜਾਵੇ।

6. ਇਸ ਮਾਮਲੇ ਵਿੱਚ ਅਧਿਕਾਰੀ ਵੱਲੋ ਕਾਰਨ ਦੱਸੋ ਨੋਟਿਸ ਸਬੰਧੀ ਪ੍ਰਾਪਤ ਹੋਏ ਜਵਾਬ, ਨਿੱਜੀ ਸੁਣਵਾਈ ਦੌਰਾਨ ਲਿਖਤੀ ਰੂਪ ਵਿੱਚ ਪੇਸ਼ ਕੀਤੀ ਸ਼ਹਾਦਤ ਅਤੇ ਕੇਸ ਦੇ ਸਾਰੇ ਤੱਥਾਂ ਨੂੰ ਗਹੁ ਨਾਲ ਵਿਚਾਰਨ ਉਪਰੰਤ ਸ੍ਰੀ ਰਾਜੇਸ ਕੁਮਾਰ, ਉਪ ਮੰਡਲ ਅਫਸਰ ਨੂੰ ਸਰਕਾਰ ਦੇ ਪੱਤਰ ਨੰ: 8/07/2010 1ਸਿੰਪ੍ਰ(2)/412913/1 3, ਮਿਤੀ 12.2.2015 ਅਤੇ ਉਪਰੰਤ ਪੱਤਰ ਨੰ: 5/24/2015-5ਸਿੰ:ਪ੍ਰ:2/515340/1-3 ਮਿਤੀ 23.6.2015 ਰਾਹੀਂ ਜਾਰੀ ਕੀਤੇ ਗਏ ਕਾਰਨ ਦੱਸੋ ਨੋਟਿਸਾਂ ਨੂੰ ਦਾਖਲ-ਦਫਤਰ ਕਰਦੇ ਹੋਏ, ਭਵਿੱਖ ਵਿੱਚ ਸੁਚੇਤ ਰਹਿਣ ਦੀ ਸਖਤ ਤਾੜਨਾ ਕੀਤੀ ਜਾਂਦੀ ਹੈ।

ਮਿਤੀ,ਚੰਡੀਗੜ੍ਹ:
03 ਮਾਰਚ, 2016

ਕਾਹਨ ਸਿੰਘ ਪੰਨੂੰ
ਸਕੱਤਰ, ਪੰਜਾਬ ਸਰਕਾਰ
ਸਿੰਚਾਈ ਵਿਭਾਗ।

**ਪਿੱਠ ਅੰਕਣ ਨੰ:5/24/2015-5ਸਿੰ:ਪ੍ਰ:2/** 715272/3 **ਮਿਤੀ,ਚੰਡੀਗੜ੍ਹ:** 17/3/16

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਮੁੱਖ ਇੰਜੀਨੀਅਰ/ਨਹਿਰਾਂ, ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ ।
2) ਮੁੱਖ ਇੰਜੀਨੀਅਰ/ਚੌਕਸੀ ਅਤੇ ਕੁਆਲਟੀ ਕੰਟਰੋਲ, ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ।
3) ਕਾਰਜਕਾਰੀ ਇੰਜੀਨੀਅਰ-ਕਮ-ਇੰਚਾਰਜ ਕੰਪਿਊਟਰ ਸੈਲ, ਮੁੱਖ ਦਫਤਰ ਮੁੱਖ ਇੰਜੀਨੀਅਰ/ਨਹਿਰਾਂ, ਸਿੰਚਾਈ ਵਿਭਾਗ, ਪੰਜਾਬ,ਚੰਡੀਗੜ੍ਹ।
4) ਸ੍ਰੀ ਰਾਜੇਸ਼ ਕੁਮਾਰ, ਉਪ ਮੰਡਲ ਅਫਸਰ, ਸਠਿਆਲੀ ਉਪ ਮੰਡਲ, ਸਠਿਆਲੀ।

ਅਧੀਨ ਸਕੱਤਰ ਸਿੰਚਾਈ
16/3/16

ਦਫਤਰ ਮੁੱਖ ਇੰਜੀਨੀਅਰ, ਸਿੰਚਾਈ ਵਿਭਾਗ, ਪੰਜਾਬ
2398
18 Mar/16
ਚੰਡੀਗੜ੍ਹ